# ਪੰਜਾਬੀ ਸੰਸਦ ਮੈਂਬਰਾਂ ਕਾਰਨ ਸੌਖੀ ਹੋਈ ਕੈਨੇਡਾ ਦੀ ਨਾਗਰਿਕਤਾ




**ਟੋਰਾਂਟੋ/ ਭਜਨ ਸਿੰਘ ਬਾਹਬਾ** - ਸਰਕਾਰ ਵੱਲੋਂ ਇਮੀਗ੍ਰੇਸ਼ਨ ਸਬੰਧੀ ਸੰਸਦ ਵਿੱਚ ਪੇਸ਼ ਰਿਪੋਰਟ ਤੋਂ ਇਸ ਗੱਲ ਦਾ ਖੁਲਾਸਾ ਹੋਇਆ ਹੈ ਕਿ ਕੈਨੇਡਾ ਦੀ ਲਿਬਰਲ ਸਰਕਾਰ ਨੇ ਪ੍ਰਵਾਸੀਆਂ ਲਈ ਆਪਣੇ ਦਰਵਾਜ਼ੇ ਖੋਲ ਦਿੱਤੇ ਹਨ। ਇਮੀਗ੍ਰੇਸ਼ਨ ਮੰਤਰੀ ਜਾਨ ਮੈਕਲਮ ਨੇ ਦੱਸਿਆਂ ਕਿ ਸਰਕਾਰ ਨੇ ਇਮੀਗ੍ਰੇਸ਼ਨ ਨਿਯਮ ਵੀ ਸੌਖੇ ਕੀਤੇ ਹਨ। ਇਸ ਨਾਲ ਬਜ਼ੁਰਗ ਮਾਪਿਆਂ, ਕੈਨੇਡਾ ਜਾ ਕੇ ਪੱਕੀ ਨਾਗਰਿਕਤਾ ਹਾਸਲ ਕਰਨ ਵਾਲਿਆਂ ਤੇ ਸ਼ਰਨਾਰਥੀਆਂ ਨੂੰ ਸਭ ਤੋਂ ਜ਼ਿਆਦਾ ਫਾਇਦਾ ਮਿਲੇਗਾ ਅਤੇ ਸਰਕਾਰ ਸਾਲ 2016 ਵਿੱਚ ਤਿੰਨ ਲੱਖ ਪ੍ਰਵਾਸੀਆਂ ਨੂੰ ਕੈਨੇਡਾ ਵਿੱਚ ਰਹਿਣ ਦਾ ਮੌਕਾ ਦੇਵੇਗੀ।

ਕੈਨੇਡਾ ਦੇ ਇਮੀਗ੍ਰੇਸ਼ਨ ਤੇ ਸਿਟੀਜ਼ਨਸ਼ਿਪ ਮੰਤਰੀ ਜਾਨ ਮੈਕਲਮ ਅਨੁਸਾਰ ਨਵੇਂ ਨਿਯਮਾਂ ਨਾਲ ਬੱਚਿਆਂ ਨੂੰ ਆਪਣੇ ਮਾਪਿਆਂ ਨਾਲ ਰਹਿਣ ਦਾ ਮੌਕਾ ਮਿਲੇਗਾ। ਕੈਨੇਡਾ ਸਰਕਾਰ ਦਾ ਦੂਜਾ ਵੱਡਾ ਫੈਸਲਾ ਸਥਾਈ ਨਾਗਰਿਕਤਾ ਨੂੰ ਲੈ ਕੇ ਹੈ ਜਿਸ ਦਾ ਕੋਟਾ ਵਧਾ ਕੇ 3.05 ਲੱਖ ਕਰ ਦਿੱਤਾ ਹੈ। ਪ੍ਰਿੰਸੀਪਲ ਨੌਮੀਨੇਸ਼ਨ ਤੇ ਸਿਕਲਡ ਕੈਟਾਗਰੀ ਤਹਿਤ ਇੱਕ ਲੱਖ 51 ਹਜ਼ਾਰ ਲੋਕਾਂ ਨੂੰ ਕੈਨੇਡਾ ਆਉਣ ਦਾ ਮੌਕਾ ਇਸ ਸਾਲ ਦਿੱਤਾ ਜਾਵੇਗਾ। ਨਵੇਂ ਪ੍ਰੋਗਰਾਮ ਤਹਿਤ ਫੈਮਲੀ ਕੈਟਾਗਰੀ ਵਿੱਚ 75.000 ਤੋਂ 82,000 ਅਰਜ਼ੀਆਂ (ਬਜ਼ੁਰਗ, ਬੱਚਿਆਂ, ਪਾਟਨਰ, ਸਪਾਉਸ) ਸਵੀਕਾਰ ਕੀਤੀਆਂ ਜਾਣਗੀਆਂ।

ਕੈਨੇਡਾ ਸਰਕਾਰ ਆਪਣੀ ਨਵੀਂ ਇਮੀਗ੍ਰੇਸ਼ਨ ਨੀਤੀ ਤਹਿਤ ਸਭ ਤੋਂ ਜ਼ਿਆਦਾ ਜ਼ੋਰ ਪਰਿਵਾਰਕ ਵੀਜ਼ਾ ਕੈਟਾਗਰੀ ਉੱਤੇ ਦੇ ਰਹੀ ਹੈ। ਇਸ ਦਾ ਮਕਸਦ ਵਿੱਛੜੇ ਪਰਿਵਾਰਾਂ ਨੂੰ ਮਿਲਾਉਣ ਹੈ। ਫੈਮਲੀ ਰੀ-ਯੂਨੀਫਿਕੇਸ਼ਨ ਕੈਟਾਗਰੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ 10 ਹਜ਼ਾਰ ਜ਼ਿਆਦਾ ਅਰਜ਼ੀਆਂ ਲਈਆਂ ਜਾਣਗੀਆਂ। ਇਸ ਤਹਿਤ ਕੈਨੇਡਾ ਦੀ ਨਾਗਰਿਕਤਾ ਪਾਉਣ ਵਾਲੇ ਵਿਅਕਤੀ ਆਪਣੇ ਮਾਤਾ-ਪਿਤਾ, ਦਾਦਾ-ਦਾਦੀ ਨੂੰ ਆਪਣੇ ਨਾਲ ਰੱਖ ਸਕਣਗੇ। ਮਾਨਵਤਾ ਦੇ ਆਧਾਰ ਉੱਤੇ 51000 ਤੋਂ 75000 ਸ਼ਰਨਾਰਥੀਆਂ ਨੂੰ ਸ਼ਰਨ ਦਿੱਤੀ ਜਾਵੇਗੀ। ਕੈਨੇਡਾ ਸਰਕਾਰ ਪਿਛਲੇ ਚਾਰ ਮਹੀਨਿਆਂ ਵਿੱਚ 25000 ਸ਼ਰਨਾਰਥੀਆਂ ਨੂੰ ਪਨਾਹ ਦੇ ਚੁੱਕੀ ਹੈ। ਇਸ ਤੋਂ ਇਲਾਵਾ ਸਾਲ 2016 ਦੇ ਅੰਤ ਤੱਕ ਕੈਨੇਡਾ ਸਰਕਾਰ ਦਸ ਹਜ਼ਾਰ ਹੋਰ ਸ਼ਰਨਾਰਥੀਆਂ ਨੂੰ ਪਨਾਹ ਦੇਵੇਗੀ। 2014 ਵਿੱਚ 27,509 ਭਾਰਤੀਆਂ ਨੂੰ ਪੱਕੀ ਨਾਗਰਿਕਤਾ ਮਿਲੀ ਸੀ। 2015 ਵਿੱਚ ਇਹ ਅੰਕੜਾ 38,000 ਤੱਕ ਪਹੁੰਚ ਗਿਆ ਸੀ ਤੇ ਇਸ ਇਹ 45,000 ਤੱਕ ਪਹੁੰਚਣ ਦੀ ਉਮੀਦ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ ਦੀ ਲਿਬਰਲ ਸਰਕਾਰ ਵਿੱਚ 22 ਪੰਜਾਬੀ ਐਮ.ਪੀ. ਹਨ ਤੇ ਇਸ ਤੋਂ ਇਲਾਵਾ ਚਾਰ ਪੰਜਾਬੀ ਟਰੂਡੋ ਸਰਕਾਰ ਵਿੱਚ ਮੰਤਰੀ ਹਨ। ਸਰਕਾਰ ਦੀ ਇਸ ਨੀਤੀ ਦਾ ਸਭ ਤੋਂ ਵੱਧ ਫਾਇਦਾ ਭਾਰਤੀਆਂ ਖ਼ਾਸ ਤੌਰ ਉੱਤੇ ਪੰਜਾਬੀਆਂ ਨੂੰ ਮਿਲਣ ਦੀ ਉਮੀਦ ਹੈ। ਇਮੀਗ੍ਰੇਸ਼ਨ ਨੀਤੀ ਪਹਿਲਾਂ ਦੇ ਮੁਕਾਬਲੇ ਸੌਖੀ ਕਰਨ ਪਿੱਛੇ ਪੰਜਾਬੀ ਸੰਸਦ ਮੈਂਬਰਾਂ ਦਾ ਜ਼ਿਆਦਾ ਹੱਥ ਹੈ।

## ਕੈਨੇਡਾ ਜਾਣ ਦੇ ਚਾਹਵਾਨਾਂ ਵਿਅਕਤੀਆਂ ਨੂੰ ਸਿੰਗਲ ਐਂਟਰੀ ਵੀਜ਼ਾ ਦੀ ਥਾਂ 'ਤੇ ਮਲਟੀਪਰਪਜ ਵੀਜ਼ਾ ਲੱਗੇਗਾ




**ਟੋਰਾਂਟੋ / ਭਜਨ ਸਿੰਘ ਬਾਂਹਬਾ** - ਕੈਨੇਡਾ ਜਾਣ ਦੇ ਚਾਹਵਾਨਾਂ ਵਿਅਕਤੀਆਂ ਲਈ ਖੁਸ਼ਖਬਰੀ ਹੈ ਕਿ ਕੈਨੇਡਾ ਦੇ ਆਵਾਸ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰਾਲੇ ਨੇ ਬੀਤੇ ਦਿਨ ਵੀਜ਼ਾ ਸਿਸਟਮ ਵਿਚ ਕੁਝ ਸੁਧਾਰ ਕੀਤੇ ਹਨ, ਜਿਨ੍ਹਾਂ ਮੁਤਾਬਕ ਵਿਸਟਰ ਵੀਜੇ ਤੇ ਕੈਨੇਡਾ ਜਾਣ ਦੇ ਚਾਹਵਾਨਾਂ ਵਿਅਕਤੀਆਂ ਨੂੰ ਸਿੰਗਲ ਐਂਟਰੀ ਵੀਜ਼ਾ ਦੀ ਥਾਂ 'ਤੇ ਮਲਟੀਪਰਪਜ ਵੀਜ਼ਾ ਲੱਗੇਗਾ।

ਮਲਟੀਪਰਪਜ ਐਂਟਰੀ ਵੀਜ਼ਾ ਦੀ ਮਿਆਦ ਛੇ ਮਹੀਨਿਆਂ ਤੋਂ 10 ਸਾਲਾਂ ਤੱਕ ਹੋ ਸਕਦੀ ਹੈ। ਸਿੰਗਲ ਵੀਜ਼ਾ ਸਿਰਫ ਉਨ੍ਹਾਂ ਮਾਮਲਿਆਂ ਵਿਚ ਹੀ ਜਾਰੀ ਕੀਤਾ ਜਾਵੇਗਾ, ਜਿਸ ਮਾਮਲੇ ਵਿਚ ਵਿਅਕਤੀ ਥੋੜ੍ਹੇ ਸਮੇਂ ਲਈ ਕਿਸੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਕੈਨੇਡਾ ਜਾਣਾ ਚਾਹੁੰਦਾ ਹੋਵੇ।

ਵਿਸਟਰ ਵੀਜੇ ਨੂੰ ਜੇਕਰ ਸਿੰਗਲ ਐਂਟਰੀ ਵੀਜ਼ਾ ਜਾਰੀ ਹੁੰਦਾ ਹੈ ਤਾਂ ਵੀਜ਼ਾ ਅਫਸਰ ਨੂੰ ਇਸ ਦਾ ਕਾਰਨ ਦੱਸਣਾ ਪਵੇਗਾ।

## ਕੈਲੀਫੋਰਨੀਆ ਦੀ ਰਾਜਧਾਨੀ ਵਿਚ ਵਿਸਾਖੀ ਮਨਾਇਆ ਜਾਵੇਗਾ

**ਕੈਲੀਫੋਰਨੀਆ/ਬਿਓਰੋ** - ਹਰ ਸਾਲ ਵਾਂਗ ਇਸ ਵਾਰ ਵੀ ਇੰਡਸ ਵੈਲੀ ਚੈਂਬਰ ਆਫ ਕਾਮਰਸ ਵੱਲੋਂ ਸਿੱਖ ਕੌਮ ਦਾ ਜਨਮ ਦਿਹਾੜਾ ਵਿਸਾਖੀ ਕੈਲੀਫੋਰਨੀਆ ਦੀ ਰਾਜਧਾਨੀ ਵਿੱਚ ਮਨਾਇਆ ਜਾਵੇਗਾ। ਇਸ ਮੌਕੇ ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਤੋਂ ਇਲਾਵਾ ਹੋਰ ਕਈ ਐਮ.ਪੀ., ਮੇਅਰ, ਕੌਂਸਲ ਮੈਂਬਰ ਮੁੱਖ ਤੌਰ ਤੇ ਹਾਜ਼ਰ ਹੋਣਗੇ।

ਇਸ ਮੌਕੇ ਵੱਖ-ਵੱਖ ਬੁਲਾਰਿਆਂ ਵੱਲੋਂ ਦਸਤਾਰ ਉੱਤੇ ਆਪਣੇ ਵਿਚਾਰ ਪੇਸ਼ ਕਰਕੇ ਪੱਗੜੀ (ਦਸਤਾਰ) ਦੀ ਮਹੱਤਤਾ ਨੂੰ ਉਜਾਗਰ ਕੀਤਾ ਜਾਵੇਗਾ।

## ਮਾਈ ਭਾਗੋ ਦੁਨੀਆਂ ਦੀਆਂ ਤਿੰਨ ਮਹਾਨ ਔਰਤਾਂ 'ਚ ਸ਼ਾਮਲ



**ਲੰਡਨ / ਬਿਓਰੋ** - 2015 ਦੇ ਲੰਘੇ ਮਹਿਲਾ ਦਿਵਸ ਮੌਕੇ ਬ੍ਰਿਟਿਸ਼ ਬ੍ਰੋਡਕਾਸਟਿੰਗ ਕਾਰਪੋਰੇਸ਼ਨ (ਬੀ.ਬੀ.ਸੀ.) ਨੇ ਦੁਨੀਆ ਦੀਆਂ ਤਿੰਨ ਬਹੁਤ ਮਹਾਨ ਔਰਤਾਂ ਦੀ ਸੂਚੀ ਤਿਆਰ ਕੀਤੀ ਹੈ ਜਿਸ ਵਿੱਚ ਮਾਈ ਭਾਗੋ ਦਾ ਨਾਮ ਦਰਜ ਕੀਤਾ ਗਿਆ ਹੈ। ਸਿੱਖ ਭਾਈਚਾਰੇ ਲਈ ਇਹ ਬੜੀ ਹੀ ਮਾਣ ਵਾਲੀ ਗੱਲ ਹੈ। ਇਹ ਖਾਸ ਤੇ ਮਹਾਨ ਔਰਤਾਂ ਦੇ ਜਾਰੀ ਕੀਤੇ ਨਾਂਵਾਂ 'ਚ ਬੀ.ਬੀ.ਸੀ. ਨੇ ਮਾਈ ਭਾਗੋ ਨੂੰ 'ਮੋਸਟ ਬਾਦਾਸ' ਔਰਤ ਕਿਹਾ ਹੈ।

ਬੀ.ਬੀ.ਸੀ. ਅਨੁਸਾਰ ਜਦੋਂ ਸਿੱਖਾਂ ਤੇ ਮੁਗ਼ਲਾਂ ਵਿਚਕਾਰ ਲਗਾਤਾਰ ਜੰਗ ਹੁੰਦੀ ਸੀ ਤਾਂ ਮਾਈ ਭਾਗੋ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇ ਕੇ ਆਉਣ ਵਾਲੇ 40 ਸਿੰਘਾਂ ਨੂੰ ਜਦੋਂ ਤਾਹਨੇ ਮਾਰੇ ਤਾਂ ਉਨ੍ਹਾਂ ਦੀ ਸੋਚ ਮੁੜ ਬਦਲੀ ਤੇ ਉਹ ਮੁੜ ਜੰਗ ਦੇ ਮੈਦਾਨ ਪਹੁੰਚੇ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਜੰਗ ਦੇ ਮੈਦਾਨ ਵਿੱਚ ਹੀ ਮੁਆਫ ਕੀਤਾ ਤੇ ਟੁੱਟੀ-ਗੰਢੀ ਮੈਦਾਨੇ ਜੰਗ ਵਿੱਚ ਮਾਈ ਭਾਗੋ ਵੀ ਬਹਾਦਰੀ ਨਾਲ ਲੜੀ ਤੇ ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਅੰਗ ਰੱਖਿਅਕ ਬਣੀ।

ਇਸ ਸੂਚੀ ਵਿੱਚ 1775-1844 ਚੀਨ ਦੀ ਜੰਮਪਲ ਚਿੰਗ ਸ਼ੀਹ ਦਾ ਨਾਂ ਹੈ, ਜਿਸ ਨੇ ਸਮੁੰਦਰੀ ਡਾਕੂ ਕੈਪਟਨ ਪਤੀ ਦੀ ਮੌਤ ਤੋਂ ਬਾਅਦ 1807 ਵਿੱਚ ਰੈੱਡ ਫਲੈਗ ਫਲੀਟ 'ਤੇ ਕੰਟਰੋਲ ਕੀਤਾ ਤੇ ਖੁਦ ਦਾ ਸ਼ਾਸਨ ਕਾਇਮ ਕੀਤਾ। ਉਸ ਨੇ ਹੁਕਮ ਦਿੱਤਾ ਕਿ ਕਿਸੇ ਵੀ ਸਹਾਇਤਾ ਕਰਨ ਵਾਲੇ ਸ਼ਹਿਰ ਵਿੱਚ ਲੁੱਟ ਨਹੀਂ ਕਰਨੀ ਤੇ ਨਾ ਹੀ ਕਿਸੇ ਔਰਤ ਨਾਲ ਜਬਰ-ਜਨਾਹ ਕਰਨਾ ਹੈ। ਅਜਿਹਾ ਕਰਨ ਵਾਲੇ ਦਾ ਉਹ ਸਿਰ ਕਲਮ ਕਰ ਦੇਵੇਗੀ, ਜਿਸ ਨੂੰ ਖ਼ਤਮ ਕਰਨ ਲਈ ਚੀਨ ਦੀ ਸਰਕਾਰ ਨੇ ਬਹੁਤ ਕੋਸ਼ਿਸ਼ਾਂ ਕੀਤੀਆਂ, ਪਰ ਆਖ਼ਰ ਉਸ ਨੇ ਖੁਦ ਆਪਣੀ ਤਲਵਾਰ ਨੀਵੀਂ ਕਰ ਦਿੱਤੀ।

ਇਸੇ ਤਰ੍ਹਾਂ ਸੂਚੀ ਵਿਚ 1880-1973 ਦੀ ਜੈਨੇਟ ਰੈਂਕਿਨ ਦਾ ਨਾਂ ਵੀ ਸ਼ਾਮਲ ਹੈ, ਜਿਸ ਨੇ ਅਮੀਰਕਾ ਦੀ ਜਾਪਾਨ ਨਾਲ ਪਹਿਲੀ ਸੰਸਾਰ ਜੰਗ ਵਿੱਚ ਹਿੱਸਾ ਲੈਣ ਦੇ ਵਿਰੋਧ ਵਿੱਚ ਆਵਾਜ਼ ਬੁਲੰਦ ਕੀਤੀ ਸੀ। 1916 ਵਿੱਚ ਉਹ ਯੂ.ਐਸ. ਕਾਂਗਰਸ 'ਚ ਚੁਣੀ ਜਾਣ ਵਾਲੀ ਪਹਿਲੀ ਔਰਤ ਸੀ, ਜਦ ਕਿ ਇਸ ਤੋਂ ਚਾਰ ਸਾਲ ਪਹਿਲਾਂ ਹੀ ਅਮਰੀਕਾ ਵਿੱਚ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਮਿਲਿਆ ਸੀ। ਉਹ ਔਰਤਾਂ ਦੇ ਹੱਕਾਂ ਲਈ ਹਮੇਸ਼ਾਂ ਆਵਾਜ਼ ਬੁਲੰਦ ਕਰਦੀ ਰਹੀ ਸੀ।

## ਸ਼ੇਰਾਂ ਦਾ ਸ਼ਹਿਰ 'ਤੇ ਹਮਲਾ, ਫੌਜ ਬੁਲਾਈ




**ਨੈਰੋਬੀ/ ਧੰਨਵਾਦ ਸਹਿਤ ਏ ਬੀ ਪੀ ਸਾਂਝਾ** - ਬੀਤੇ ਦਿਨੀ ਕੀਨੀਆ ਦੀ ਰਾਜਧਾਨੀ ਨੈਰੋਬੀ ਵਿੱਚ ਸ਼ੇਰਾਂ ਦੀ ਦਹਿਸ਼ਤ ਕਾਰਨ ਸ਼ਹਿਰ ਵਿੱਚ ਅਲਰਟ ਜਾਰੀ ਕਰ ਦਿੱਤਾ ਗਿਆ ਸੀ। ਅਸਲ ਵਿੱਚ ਨੈਰੋਬੀ ਸਥਿਤੀ ਨੈਸ਼ਨਲ ਪਾਰਕ ਵਿੱਚੋਂ ਨਿਕਲ ਕੇ ਕਈ ਸ਼ੇਰ ਸ਼ਹਿਰ ਵਿੱਚ ਆ ਵੜੇ ਸਨ ਜਿਸ ਕਾਰਨ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ।

ਸੇਰਾਂ ਨੂੰ ਫੜਨ ਲਈ ਰਾਜਧਾਨੀ ਵਿੱਚ ਪੁਲਿਸ ਦੇ ਨਾਲ-ਨਾਲ ਸੈਨਾ ਨੂੰ ਵੀ ਤਾਇਨਾਤ ਕਰ ਦਿੱਤਾ ਗਿਆ। ਖ਼ਬਰ ਪ੍ਰਾਪਤ ਹੋ ਤੱਕ ਇੱਕ ਸ਼ੇਰਨੀ ਤੇ ਦੋ ਸ਼ੇਰਾਂ ਨੂੰ ਕਾਬੂ ਕਰ ਲਿਆ ਗਿਆ ਸੀ ਪਰ ਅਜੇ ਵੀ ਕਈ ਸ਼ੇਰ ਸੈਨਾ ਦੀ ਗ੍ਰਿਫ਼ਤ ਤੋਂ ਬਾਹਰ ਸਨ। ਸਥਾਨਕ ਲੋਕਾਂ ਅਨੁਸਾਰ ਕੁਝ ਸ਼ਹਿਰ ਆਬਾਦੀ ਵਾਲੇ ਇਲਾਕੇ ਵਿੱਚ ਦੇਖੇ ਗਏ ਸਨ।

ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਕਿੰਨੇ ਸ਼ੇਰ ਨੈਸ਼ਨਲ ਪਾਰਕ ਵਿੱਚੋਂ ਫ਼ਰਾਰ ਹੋਏ ਸਨ। ਉਂਝ ਪਾਰਕ ਵਿੱਚ ਕੁੱਲ 30 ਸ਼ੇਰ ਰਹਿੰਦੇ ਸਨ। ਸ਼ੇਰਾਂ ਦੀ ਦਹਿਸ਼ਤ ਕਾਰਨ ਪ੍ਰਸ਼ਾਸਨ ਨੇ ਲੋਕਾਂ ਨੂੰ ਆਪਣੇ ਘਰਾਂ ਵਿੱਚ ਰਹਿਣ ਦੀ ਅਪੀਲ ਕੀਤੀ।

## ਅਮਰ ਸਿੰਘ ਨੇ ਮਲੇਸ਼ੀਆ ਦੇ ਪਹਿਲੇ ਸਿੱਖ ਪੁਲੀਸ ਮੁਖੀ ਦਾ ਅਹੁਦਾ ਸੰਭਾਲਿਆ




**ਕੁਆਲਾਲੰਪੁਰ / ਬਿਓਰੋ** - ਭਾਰਤੀ ਦੇ ਇਕ ਪੰਜਾਬੀ ਸਿੱਖ ਅਮਰ ਸਿੰਘ ਨੇ ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਪੁਰ ਦੇ ਪੁਲੀਸ ਮੁਖੀ ਦਾ ਅਹੁਦਾ ਸੰਭਾਲਿਆ ਹੈ। ਉਹ ਮਲੇਸ਼ੀਆ ਦੇ ਪਹਿਲੇ ਸਿੱਖ ਪੁਲੀਸ ਮੁਖੀ ਹਨ।

ਇਸ ਮੌਕੇ ਗੱਲਬਾਤ ਕਰਦਿਆਂ ਅਮਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਨਿਯੁਕਤੀ ਮਲੇਸ਼ੀਆ ਦੇ ਸਿੱਖਾਂ ਲਈ ਮਾਣ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਮੇਰੀ ਇਸ ਨਿਯੁਕਤੀ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਪੁਲਿਸ ਫੋਰਸ ਅਪਣੇ ਅਧਿਕਾਰੀਆਂ ਨੂੰ ਤਰੱਕੀ ਦੇਣ ਅਤੇ ਉਨ੍ਹਾਂ ਵੱਲੋਂ ਫਰਜ਼ਾਂ ਦੇ ਪਾਲਣ 'ਚ ਕਿਸੇ ਤਰ੍ਹਾਂ ਦੀ ਵਿਤਕਰੇਬਾਜ਼ੀ ਨਹੀਂ ਕਰਦੀ।

## ਬ੍ਰਾਜ਼ੀਲ 'ਚ ਮੋਹਲੇਧਾਰ ਮੀਂਹ ਕਾਰਨ 19 ਲੋਕਾਂ ਦੀ ਮੌਤ



**ਬ੍ਰਾਜ਼ੀਲ/ ਬਿਓਰੋ** - ਬ੍ਰਾਜ਼ੀਲ ਦੇ ਸਾਉ ਪਾਉਲੋ 'ਚ ਬੀਤੇ ਕਈ ਦਿਨਾ ਤੋਂ ਪੈ ਰਹੇ ਮੋਹਲੇਧਾਰ ਮੀਂਹ ਕਾਰਨ ਲਗਪਗ 19 ਲੋਕਾਂ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਬਚਾਅ ਸੇਵਾ ਨੇ ਅਪਣੇ ਅਧਿਕਾਰਤ ਅਕਾਊਂਟ 'ਚ ਦਸਿਆ ਕਿ ਭਾਰੀ ਮੀਂਹ ਤੋਂ ਬਾਅਦ ਢਿੱਗਾਂ ਡਿਗਣ ਕਾਰਨ ਸ਼ੁਕਰਵਾਰ ਨੂੰ 17 ਲੋਕਾਂ ਦੀ ਮੌਤ ਹੋ ਗਈ ਅਤੇ ਦੋ ਹੋਰ ਲੋਕ ਹੜ੍ਹ ਦੇ ਪਾਣੀ 'ਚ ਡੁੱਬ ਗਏ ਕੇ ਮਰ ਗਏ। ਬਚਾਅ ਕਰਮੀ ਕਿਸ਼ਤੀ ਦੇ ਸਹਾਰੇ ਪਾਣੀ 'ਚ ਫਸੇ ਲੋਕਾਂ ਦੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਇਹ ਮੀਂਹ ਅਜਿਹੇ ਸਮੇਂ ਪੈ ਰਿਹਾ ਹੈ। ਜਦੋਂ ਦੋ ਸਾਲਾਂ ਤਕ ਪਏ ਸੋਕੇ ਕਾਰਨ ਇਥੇ ਪਾਣੀ ਦੀ ਭਾਰੀ ਕਮੀ ਹੋ ਗਈ ਸੀ ਅਤੇ ਮੈਟਰੋਪੋਲਿਸ 'ਚ 2 ਕਰੋੜ ਲੋਕ ਪ੍ਰਭਾਵਤ ਹੋਏ ਸਨ।